**ਓ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ**

**ਦੂਜੀ ਇਕਾਈ ਪਰੀਖਿਆ ( ਜੁਲਾਈ ,2024)**

**ਜਮਾਤ : ਅੱਠਵੀਂ**

**ਵਿਸ਼ਾ : ਪੰਜਾਬੀ** **Set A**

**ਸਮਾਂ :- 1 ਘੰਟਾ 10 ਮਿੰਟ** **ਅਧਿਕਤਮ ਅੰਕ (30)**

**ਜਰੂਰੀ ਹਦਾਇਤਾਂ :-**

I. **ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।**

II. **ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।**

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | **( ਭਾਗ-ੳ ਪੜ੍ਹਣ ਕੌਸ਼ਲ )** | |
| ਪ੍ਰ: 1 | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ਭਾਰਤ ਵਿੱਚ ਛੇ ਰੁੱਤਾਂ ਵਾਰੀ -ਵਾਰੀ ਆਉਂਦੀਆਂ ਹਨ। ਹਰ ਰੁੱਤ ਦਾ ਆਪਣਾ -ਆਪਣਾ ਮਹੱਤਵ ਹੈ। ਬਸੰਤ ਰੁੱਤ ਰੁੱਤਾਂ ਦਾ ਰਾਜਾ ਹੈ ਤੇ ਵਰਖਾ ਰੁੱਤ ਰੁੱਤਾਂ ਦੀ ਰਾਣੀ ਮੰਨੀ ਜਾਂਦੀ ਹੈ। ਬਸੰਤ ਰੁੱਤ ਸਰਦੀ ਦੀ ਰੁੱਤ ਤੋਂ ਬਾਅਦ ਆਉਂਦੀ ਹੈ। ਨਾ ਜ਼ਿਆਦਾ ਠੰਡ ਤੇ ਨਾ ਜ਼ਿਆਦਾ ਗਰਮੀ ਹੁੰਦੀ ਹੈ। ਇਸ ਲਈ ਕਿਹਾ ਜਾਂਦਾ ਹੈ-" ਆਈ ਬਸੰਤ ਪਾਲਾ ਉਡੰਤ।" ਜੀਵ- ਜੰਤੂ, ਰੁੱਖ, ਪੌਦੇ ਤੇ ਮਨੁੱਖ ਹਰ ਇੱਕ ਰਾਹਤ ਤੇ ਤਾਜਗੀ ਮਹਿਸੂਸ ਕਰਦੇ ਹਨ। ਕੁਦਰਤ ਸਜ ਵਿਆਹੀ ਵਹੁਟੀ ਵਾਂਗ ਸ਼ਿੰਗਾਰ ਕਰਕੇ ਧਰਤੀ ਤੇ ਆਉਂਦੀ ਹੈ। ਰੁੱਖਾਂ ਤੇ ਨਵੇਂ ਪੱਤੇ, ਟਾਹਣੀਆਂ ਤੇ ਫੁੱਲ ਖਿੜਦੇ ਹਨ ।ਬਾਗਾਂ ਵਿੱਚ ਕੋਇਲ ਦੀ ਕੂਕ ਮਨ ਨੂੰ ਭਾਉਂਦੀ ਹੈ। ਤਿਤਲੀਆਂ, ਭੌਰੇ ਦੇ ਮੱਖੀਆਂ ਫੁੱਲਾਂ ਤੇ ਮੰਡਰਾਉਂਦੇ ਹਨ ਤੇ ਮੁਰਦਾ ਦਿਲਾਂ ਵਿੱਚ ਨਵੀਂ ਰੂਹ ਸੁਰਜੀਤ ਹੋ ਜਾਂਦੀ ਹੈ। ਬਸੰਤ ਰੁੱਤ 'ਤੇ ਮੇਲੇ ਤੇ ਸੰਗੀਤ ਸੰਮੇਲਨ ਲੱਗਦੇ ਹਨ। ਹਰ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਨਜ਼ਰ ਆਉਂਦੀਆਂ ਹਨ। ਬਸੰਤ ਕਾਇਨਾਤ ਦੇ ਨੁਹਾਰ ਹੀ ਬਦਲ ਦਿੰਦੀ ਹੈ।<br>1) ਭਾਰਤ ਵਿੱਚ ਕਿਸ ਰੁੱਤ ਨੂੰ ਰੁੱਤਾਂ ਦਾ ਰਾਜਾ ਕਿਹਾ ਜਾਂਦਾ ਹੈ?<br>2)ਬਸੰਤ ਰੁੱਤ ਕਿਸ ਰੁਤ ਤੋਂ ਬਾਅਦ ਆਉਂਦੀ ਹੈ?<br>3) ਬਸੰਤ ਰੁੱਤ ਵਿੱਚ ਕੁਦਰਤ ਦੇ ਨੁਹਾਰ ਕਿਸ ਤਰ੍ਹਾਂ ਲੱਗਦੀ ਹੈ?<br>4) ਬਾਗਾਂ ਵਿੱਚ ਕਿਸ ਦੀ ਆਵਾਜ਼ ਮੰਨ ਭਾਉਂਦੀ ਹੈ?<br>5) ਬਸੰਤ ਰੁੱਤ ਤੇ ਕੀ ਲੱਗਦੇ ਹਨ? | (5) |
| | **( ਭਾਗ -ਅ ਵਿਆਕਰਨ)** | |
| ਪ੍ਰ: 2 | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-**<br>(ੳ) ਕੁਮਿਆਰ (ਅ) ਕੁਮੀਆਰ (ੲ) ਘੁਮਿਆਰ (ਸ) ਘੁਮਆਰ | 1 |
| ਪ੍ਰ: 3 | **ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-** (ੳ) ਅੰਦਰ (ਅ) ਸਖ਼ਤ | 2 |
| ਪ੍ਰ: 4 | **ਹੇਠਾਂ ਦਿੱਤੇ 'ਅ ' ਅਗੇਤਰ ਤੋਂ 2-2 ਸ਼ਬਦ ਬਣਾਓ:-** | 1 |
| ਪ੍ਰ: 5 | **ਹੇਠਾਂ ਦਿੱਤੇ ' ਆਹਟ ' ਪਿਛੇਤਰ ਤੋਂ 2-2 ਸ਼ਬਦ ਬਣਾਓ :-** | 1 |
| ਪ੍ਰ: 6 | **ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :-**<br>(ੳ) ਲਗਾਤਾਰ ਕੀਤਾ ਜਾਣ ਵਾਲਾ ਪਾਠ ।<br>ਅ) ਜਿਸ ਭਾਂਡੇ ਵਿੱਚ ਦੁੱਧ ਜਮਾਇਆ ਜਾਂਦਾ ਹੈ। | 2 |
| ਪ੍ਰ: 7 | **' ਉੱਤਰ ' ਸ਼ਬਦ ਦਾ ਸਹੀ ਬਹੁਅਰਥਕ ਸ਼ਬਦ ਚੁਣੋ:-**<br>ੳ) ਜਵਾਬ ਅ) ਹੰਕਾਰ ੲ) ਭਰਮ ਸ) ਜਨਮ | 1 |

| | | |
|---|---|---|
| ਪ੍ਰ: 8 | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :**<br>(ੳ) ਕਰਤਾਰ ਸਿੰਘ ਸਰਾਭਾ ਭਗਤ ਸਿੰਘ ਰਾਜਗੁਰੂ ਚੰਦਰਸ਼ੇਖਰ ਅਜ਼ਾਦ ਤੇ ਉਧਮ ਸਿੰਘ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ | (1/2×4=2) |
| ਪ੍ਰ: 9 | **ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ:-**<br>(ੳ) ਉੱਲੂ ਬਣਾਉਣਾ | 1 |
| ਪ੍ਰ: 10 | **(ਬਹੁ ਵਿਕਲਪੀ ਪ੍ਰਸ਼ਨ) ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰੇ ਕਰੋ :-**<br>**ਉੱਚੀ ਦੁਕਾਨ____________**<br>ੳ) ਖੱਟਾ ਪਕਵਾਨ ਅ) ਮਿੱਠਾ ਪਕਵਾਨ ੲ) ਫਿੱਕਾ ਪਕਵਾਨ ਸ) ਕੋੜਾ ਪਕਵਾਨ | 1 |
| | **( ਭਾਗ - ੲ ਪਾਠ ਪੁਸਤਕ )** | |
| ਪ੍ਰ: 11 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-**<br>1. ਘੜੇ ਦਾ ਪਾਣੀ ਸਾਫ ਕਰਨ ਲਈ ਇਹਨਾਂ ਵਿੱਚੋਂ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?<br>(ੳ) ਖੰਡ ਦੀ (ਅ) ਨਮਕ ਦੀ (ੲ) ਕਲੋਰੀਨ ਦੀ (ਸ) ਰੇਤ ਤੇ ਕੱਚੇ ਕੋਲੇ ਦੀ<br>2. ਸਾਡਾ ਸਰੀਰ ਕਿੰਨੇ ਤੱਤਾਂ ਦਾ ਬਣਿਆ ਹੋਇਆ ਹੈ?<br>(ੳ) ਤਿੰਨ (ਅ) ਚਾਰ (ੲ) ਪੰਜ (ਸ) ਛੇ<br>3. ਘੜੇ ਦੇ ਪਾਣੀ ਲੇਖ ਦੇ ਲੇਖਕ ਦਾ ਨਾਂ ਦੱਸੋ ?<br>(ੳ) ਹਰਿੰਦਰ ਕੌਰ (ਅ) ਮਨਮੋਹਨ ਸਿੰਘ ਦਾਊ (ੲ) ਸੁਰਜੀਤ ਸਿੰਘ ਮਰਜਾਰਾ (ਸ) ਫ਼ੀਰੋਜ਼ਦੀਨ ਸ਼ਰਫ<br>4. ਘੜਿਆਂ ਨੂੰ ਬਣਾਉਣ ਦਾ ਕੰਮ ਕੌਣ ਕਰਦਾ ਹੈ?<br>(ੳ) ਲੁਹਾਰ (ਅ) ਸੁਨਾਰ (ੲ) ਘੁਮਿਆਰ (ਸ) ਮਾਲੀ | (1×4=4) |
| ਪ੍ਰ: 12 | **ਹੇਠਾਂ ਦਿੱਤੇ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :**<br>(ੳ) ਕਹਾਣੀ ਵਿਚਲੇ ਗ਼ਰੀਬ ਬੱਚੇ ਦਾ ਘਰ -ਘਰ ਜਾ ਕੇ ਸਮਾਨ ਵੇਚਣ ਦਾ ਕੀ ਕਾਰਨ ਦੱਸਿਆ ਗਿਆ ਹੈ ?<br>(ਅ) ਔਰਤ ਨੇ ਬੱਚੇ ਨੂੰ ਪਾਣੀ ਦੀ ਥਾਂ ਦੁੱਧ ਦਾ ਗਲਾਸ ਕਿਉਂ ਦਿੱਤਾ ?<br>(ੲ) ਉਸ ਬੱਚੇ ਨੇ ਉਸ ਔਰਤ ਵੱਲੋਂ ਕੀਤੀ ਨੇਕੀ ਦਾ ਫਲ਼ ਕਿਵੇਂ ਚੁਕਾਇਆ ? | (2×2 =4) |
| ਪ੍ਰ:-13 | **ਹੇਠਾਂ ਦਿੱਤੇ ਕਾਵਿ ਟੋਟੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:-**<br>**"ਮਿਲੇ ਮਾਣ ਪੰਜਾਬੀ ਦੇਸ਼ ਅੰਦਰ, ਆਸ਼ਕ ਮੁੱਢੋਂ ਮੈਂ ਇਸ ਉਮੰਗ ਦਾ ਹਾਂ।**<br>**ਵਾਰਸ ਸ਼ਾਹ ਤੇ ਬੁੱਲ੍ਹੇ ਸ਼ਾਹ ਦੇ ਰੰਗ ਅੰਦਰ, ਡੋਬ -ਡੋਬ ਕੇ ਜਿੰਦਗੀ ਰੰਗਦਾ ਹਾਂ।"**<br>1) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ?<br>2) ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ?<br>3) ਕਵੀ ਪੰਜਾਬੀ ਨੂੰ ਕਿਹੋ ਜਿਹਾ ਮਾਣ ਦੇਣ ਦੀ ਇੱਛਾ ਰੱਖਦਾ ਹੈ?<br>4) ਵਾਰਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਕੋਣ ਸਨ?<br>5) ਕਵੀ ਪੰਜਾਬੀ ਭਾਸ਼ਾ ਨੂੰ ਕਿਸ ਅੰਦਰ ਮਾਣ ਦੇਣ ਦੀ ਇੱਛਾ ਰੱਖਦਾ ਹੈ? | (1×5=5) |

ੳ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ

ਦੂਜੀ ਇਕਾਈ ਪਰੀਖਿਆ ( ਜੁਲਾਈ ,2024)

ਜਮਾਤ : ਅੱਠਵੀਂ

ਵਿਸ਼ਾ : ਪੰਜਾਬੀ

Set B

ਸਮਾਂ :- 1 ਘੰਟਾ 10 ਮਿੰਟ

ਅਧਿਕਤਮ ਅੰਕ (30)

ਜਰੂਰੀ ਹਦਾਇਤਾਂ :-

I. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।

II. ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।

| ਪ੍ਰਸ਼ਨ ਨੰ | ਪ੍ਰਸ਼ਨ | ਅੰਕ |
|---|---|---|
| | ( ਭਾਗ-ੳ ਪੜ੍ਹਣ ਕੋਸ਼ਲ ) | |
| ਪ੍ਰ: 1 | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-**<br>ਗੁਰੂ ਗੋਬਿੰਦ ਸਿੰਘ ਮਨੁੱਖਤਾ ਦੇ ਆਸ਼ਕ ਸਨ। ਉਹਨਾਂ ਦਾ ਸੰਘਰਸ਼ ਕਿਸੇ ਜਾਤ, ਸੰਪਰਦਾਇ ਵਿਰੁੱਧ ਨਹੀਂ ਸੀ। ਉਹਨਾਂ ਨੇ ਜ਼ੁਲਮ ਦੇ ਵਿਰੁੱਧ ਤਲਵਾਰ ਚੁੱਕੀ ਸੀ। ਗੁਰੂ ਜੀ ਨੇ ਛੋਟੀ ਜਿਹੀ ਉਮਰ ਵਿੱਚ ਆਪਣੇ ਬਹੁ ਮੁੱਖੀ ਪ੍ਰਤਿਭਾ ਨਾਲ ਜੀਵਨ ਨੂੰ ਪ੍ਰਭਾਵਿਤ ਕੀਤਾ। ਉਹ ਸੰਤ ਸਿਪਾਹੀ ਸਨ। ਆਪ ਜੀ ਨੂੰ ਸਾਹਿਤ ਨਾਲ ਬਹੁਤ ਪ੍ਰੇਮ ਸੀ। ਉਹ ਆਪਣੇ ਦਰਬਾਰੀ ਕਵੀਆਂ ਨੂੰ ਸਾਹਿਤ ਰਚਨਾ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਆਪ ਜੀ ਦੇ ਦਰਬਾਰ ਵਿੱਚ 52 ਕਵੀ ਸਨ। ਆਪ ਜੀ ਦੇ ਦਰਬਾਰੀ ਕਵੀਆਂ ਦੁਆਰਾ ਲਿਖਤ ਸਾਹਿਤ ਜੰਗਾਂ -ਯੁੱਧਾਂ ਦੀ ਭੇਂਟ ਹੋ ਗਿਆ। ਚੰਡੀ ਦੀ ਵਾਰ, ਜਾਪ ਸਾਹਿਬ, ਜ਼ਫਰਨਾਮਾ ਆਪ ਦੀ ਪ੍ਰਮੁੱਖ ਰਚਨਾਵਾਂ ਹਨ।<br>1) ਗੁਰੂ ਗੋਬਿੰਦ ਸਿੰਘ ਜੀ ਕਿਸ ਦੇ ਆਸ਼ਕ ਸਨ?<br>2) ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਕਿਸ ਦੇ ਵਿਰੁੱਧ ਸੀ?<br>3) ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਕਿੰਨੇ ਕਵੀ ਸਨ?<br>4) ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਮੁੱਖ ਰਚਨਾ ਕਿਹੜੀ ਸੀ?<br>5) ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ? | (5) |
| | ( ਭਾਗ -ਅ ਵਿਆਕਰਨ) | |
| ਪ੍ਰ: 2 | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-**<br>(ੳ) ਜਿਨਦ (ਅ) ਜਿੰਦ (ੲ) ਜਿੰਢ (ਸ) ਜਿੰਦ | 1 |
| ਪ੍ਰ: 3 | **ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-** (ੳ) ਅਮੀਰ (ਅ) ਸਫ਼ਲ | 2 |
| ਪ੍ਰ: 4 | **ਹੇਠਾਂ ਦਿੱਤੇ 'ਸਹਿ ' ਅਗੇਤਰ ਤੋਂ 2-2 ਸ਼ਬਦ ਬਣਾਓ:-** | 1 |
| ਪ੍ਰ: 5 | **ਹੇਠਾਂ ਦਿੱਤੇ ' ਆਨੀ ' ਪਿਛੇਤਰ ਤੋਂ 2-2 ਸ਼ਬਦ ਬਣਾਓ :-** | 1 |
| ਪ੍ਰ: 6 | **ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :-**<br>(ੳ) ਬਿਨਾਂ ਸਮੇਂ ਦੀ ਸੀਮਾ ਵਿੱਚ ਕੀਤਾ ਜਾਣ ਵਾਲਾ ਪਾਠ ।<br>(ਅ) ਜਿਸ ਨੂੰ ਸਾਰੇ ਪਿਆਰ ਕਰਦੇ ਹੋਣ। | 2 |
| ਪ੍ਰ: 7 | **'ਸੰਗ ' ਸ਼ਬਦ ਦਾ ਸਹੀ ਬਹੁਅਰਥਕ ਸ਼ਬਦ ਚੁਣੋ:-**<br>ੳ) ਭੇਸ ਅ) ਨਕਲ ੲ) ਸ਼ਰਮ ਸ) ਅਸਰ | 1 |
| ਪ੍ਰ: 8 | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :**<br>(ੳ) ਰਾਮ ਨੇ ਦੁੱਧ ਦਹੀ ਤੇਲ ਘੀ ਅਤੇ ਆਟਾ ਦੁਕਾਨ ਤੋਂ ਖਰੀਦੇ | (1/2×4=2) |

| | | |
|---|---|---|
| ਪ੍ਰ: 9 | **ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ:-**<br>(ੳ) ਉਂਗਲ ਕਰਨੀ | 1 |
| ਪ੍ਰ: 10 | **(ਬਹੁ ਵਿਕਲਪੀ ਪ੍ਰਸ਼ਨ) ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰੇ ਕਰੋ :-**<br>**ਆਪ ਕੁਚੱਜੀ____________**<br>ੳ) ਘਰ ਨੂੰ ਦੋਸ਼ ਅ) ) ਸ਼ਹਿਰ ਨੂੰ ਦੋਸ਼ ੲ) ) ਦੇਸ਼ ਨੂੰ ਦੋਸ਼ ਸ) ) ਵਿਹੜੇ ਨੂੰ ਦੋਸ਼ | 1 |
| | **( ਭਾਗ - ੲ ਪਾਠ ਪੁਸਤਕ )** | |
| ਪ੍ਰ: 11 | **ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-**<br>1. ਘੜੇ ਦਾ ਜਨਮ ਕਿਸ ਵਿੱਚੋਂ ਹੁੰਦਾ ਹੈ?<br>(ੳ) ਖੰਡ ਵਿੱਚੋਂ (ਅ) ਨਮਕ ਵਿੱਚੋਂ (ੲ) ਕਲੋਰੀਨ ਵਿੱਚੋਂ (ਸ) ਮਿੱਟੀ ਵਿੱਚੋਂ<br>2. ਘੜਾ ਭੰਨਣਾ ਸਾਡੇ ਸੱਭਿਆਚਾਰ ਦੀ ਕਿਸ ਸਮੇਂ ਦੀ ਰਸਮ ਮੰਨੀ ਜਾਂਦੀ ਹੈ?<br>(ੳ) ਜਨਮ ਦੇ ਸਮੇਂ ਦੀ (ਅ) ਅੰਤਿਮ ਸਮੇਂ ਦੀ<br>(ੲ) ਘਰ ਲਿਆਉਣ ਵੇਲੇ ਦੀ (ਸ) ਕਿਸੇ ਵੀ ਸਮੇਂ ਦੀ ਨਹੀਂ<br>3. ਘੜੇ ਦੇ ਪਾਣੀ ਲੇਖ ਦੇ ਲੇਖਕ ਦਾ ਨਾਂ ਦੱਸੋ ?<br>(ੳ) ਹਰਿੰਦਰ ਕੌਰ (ਅ) ਮਨਮੋਹਨ ਸਿੰਘ ਦਾਊ<br>(ੲ) ਸੁਰਜੀਤ ਸਿੰਘ ਮਰਜਾਰਾ (ਸ) ਫੀਰੋਜ਼ਦੀਨ ਸ਼ਰਫ<br>4. ਘੜਾ ਕਿੰਨੇ ਤੱਤਾਂ ਨਾਲ ਮਿਲ ਕੇ ਬਣਦਾ ਹੈ?<br>(ੳ) ਛੇ ਤੱਤਾਂ ਨਾਲ (ਅ) ਦੋ ਤੱਤਾਂ ਨਾਲ (ੲ) ਤਿੰਨ ਤੱਤਾਂ ਨਾਲ (ਸ) ਪੰਜ ਤੱਤਾਂ ਨਾਲ | (1×4=4) |
| ਪ੍ਰ: 12 | **ਹੇਠਾਂ ਦਿੱਤੇ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :**<br>(ੳ) ਭੁੱਖ ਨਾਲ ਪਰੇਸ਼ਾਨ ਬੱਚੇ ਨੇ ਕੀ ਕੀਤਾ ਉਸ ਨੂੰ ਕੀ ਆਸ ਸੀ?<br>(ਅ) ਔਰਤ ਨੇ ਦੁੱਧ ਦੀ ਕੀਮਤ ਲੈਣ ਤੋਂ ਇਨਕਾਰ ਕਿਉਂ ਕੀਤਾ?<br>(ੲ) ਉਸ ਬੱਚੇ ਨੇ ਉਸ ਔਰਤ ਵੱਲੋਂ ਕੀਤੀ ਨੇਕੀ ਦਾ ਫਲ਼ ਕਿਵੇਂ ਚੁਕਾਇਆ ? | (2×2 =4) |
| ਪ੍ਰ:-13 | **ਹੇਠਾਂ ਦਿੱਤੇ ਕਾਵਿ ਟੋਟੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:-**<br>**" ਬੋਲੀ ਆਪਣੇ ਨਾਲ ਪਿਆਰ ਰੱਖਾਂ ,ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ ।**<br>**ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ ,ਟੁਕੜਾ ਕਿਸੇ ਪੰਜਾਬਣ ਦੇ ਵੰਗ ਦਾ ਹਾਂ।"**<br>1) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ?<br>2) ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ?<br>3) ਕਵੀ ਦੀ ਮਾਂ ਬੋਲੀ ਕਿਹੜੀ ਹੈ?<br>4) ਕਵੀ ਨੇ ਆਪਣੀ ਬੋਲੀ ਦੀ ਤੁਲਨਾ ਔਰਤ ਦੇ ਕਿਹੜੇ ਗਹਿਣਿਆਂ ਨਾਲ ਕੀਤੀ ਹੈ?<br>5) ਸੰਗਦਾ ਸ਼ਬਦ ਦਾ ਕੀ ਅਰਥ ਹੈ? | (1×5=5) |

ਓ. ਐਸ. ਡੀ. ਏ. ਵੀ. ਪਬਲਿਕ ਸਕੂਲ , ਕੈਥਲ
ਉੱਤਰ ਕੁੰਜੀ ( ਜੁਲਾਈ ,2024)
ਜਮਾਤ : ਅੱਠਵੀਂ
ਵਿਸ਼ਾ : ਪੰਜਾਬੀ **Set A**

| ਉੱਤਰ ਨੰਬਰ | ਉੱਤਰ | ਅੰਕ |
|---|---|---|
| | ( ਭਾਗ-ੳ ਪੜ੍ਹਣ ਕੋਸ਼ਲ ) | |
| ਉੱਤਰ : 1 | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-<br>1) ਬਸੰਤ ਰੁੱਤ ਨੂੰ ਰੁੱਤਾਂ ਦਾ ਰਾਜਾ ਕਿਹਾ ਜਾਂਦਾ ਹੈ।<br>2)ਬਸੰਤ ਰੁੱਤ ਸਰਦੀ ਦੀ ਰੁੱਤ ਤੋਂ ਬਾਅਦ ਆਉਂਦੀ ਹੈ।<br>3) ਬਸੰਤ ਰੁੱਤ ਵਿੱਚ ਕੁਦਰਤ ਦੇ ਨੁਹਾਰ ਸੱਜ ਵਿਆਹੀ ਵਹੁਟੀ ਵਾਂਗ ਲੱਗਦੀ ਹੈ।<br>4) ਬਾਗਾਂ ਵਿੱਚ ਕੋਇਲ ਦੀ ਕੂਕ ਮੰਨ ਭਾਉਂਦੀ ਹੈ।<br>5) ਬਸੰਤ ਰੁੱਤ ਤੇ ਮੇਲੇ ਤੇ ਸੰਗੀਤ ਸੰਮੇਲਨ ਲੱਗਦੇ ਹਨ। | (5) |
| | ( ਭਾਗ -ਅ ਵਿਆਕਰਨ) | |
| ਉੱਤਰ: 2 | ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-<br>(ੲ) ਘੁਮਿਆਰ | 1 |
| ਉੱਤਰ: 3 | ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :- (ੳ) ਬਾਹਰ (ਅ) ਨਰਮ | 2 |
| ਉੱਤਰ : 4 | ਹੇਠਾਂ ਦਿੱਤੇ 'ਅ ' ਅਗੇਤਰ ਤੋਂ 2-2 ਸ਼ਬਦ ਬਣਾਓ:- ਅਜਿੱਤ, ਅਟੱਲ | 1 |
| ਉੱਤਰ : 5 | ਹੇਠਾਂ ਦਿੱਤੇ ' ਆਹਟ ' ਪਿਛੇਤਰ ਤੋਂ 2-2 ਸ਼ਬਦ ਬਣਾਓ :- ਘਬਰਾਹਟ ਮੁਸਕੁਰਾਹਟ ਹਿਚਕਿਚਾਹਟ | 1 |
| ਉੱਤਰ : 6 | ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :- (ੳ) ਅਖੰਡ ਪਾਠ । ਅ) ਚਾਟੀ। | 2 |
| ਉੱਤਰ : 7 | ' ਉੱਤਰ ' ਸ਼ਬਦ ਦਾ ਸਹੀ ਬਹੁਅਰਥਕ ਸ਼ਬਦ ਚੁਣੋ:-<br>ੳ) ਜਵਾਬ | 1 |
| ਉੱਤਰ : 8 | ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :<br>(ੳ) ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ, ਚੰਦਰਸ਼ੇਖਰ ਅਜ਼ਾਦ ਤੇ ਉਧਮ ਸਿੰਘ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। | (1/2×4=2 ) |
| ਉੱਤਰ : 9 | ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ:-<br>(ੳ) (ਮੂਰਖ ਬਣਾਉਣਾ) ਰਮੇਸ਼ ਦੁਕਾਨਦਾਰ ਹਰ ਇੱਕ ਨੂੰ ਉੱਲੂ ਬਣਾਉਣ ਵਿੱਚ ਮਾਹਰ ਹੈ। | 1 |
| ਉੱਤਰ: 10 | (ਬਹੁ ਵਿਕਲਪੀ ਪ੍ਰਸ਼ਨ) ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰੇ ਕਰੋ :-<br>ਉੱਚੀ ਦੁਕਾਨ______________ ੲ) ਫਿੱਕਾ ਪਕਵਾਨ | 1 |
| | ( ਭਾਗ - ੲ ਪਾਠ ਪੁਸਤਕ ) | |
| ਉੱਤਰ : 11 | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-<br>1. (ਸ) ਰੇਤ ਤੇ ਕੱਚੇ ਕੋਲੇ ਦੀ<br>2. (ੲ) ਪੰਜ<br>3. (ੲ) ਸੁਰਜੀਤ ਸਿੰਘ ਮਰਜਾਰਾ<br>4. (ੲ) ਘੁਮਿਆਰ | (1×4=4) |
| ਉੱਤਰ : 12 | ਹੇਠਾਂ ਦਿੱਤੇ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :<br>ਨੋਟ:- ਬੱਚੇ ਆਪਣੇ ਸਮਝ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਦੇਣਗੇ। | (2×2 =4) |
| ਉੱਤਰ:- 13 | ਹੇਠਾਂ ਦਿੱਤੇ ਕਾਵਿ ਟੋਟੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:-<br>1) ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ ਕਵਿਤਾ ਵਿੱਚੋਂ ਲਈਆਂ ਗਈਆਂ ਹਨ।<br>2) ਇਸ ਕਵਿਤਾ ਦੇ ਕਵੀ ਦਾ ਨਾਂ ਫੀਰੋਜ਼ਦੀਨ ਸ਼ਰਫ ਹੈ। | (1×5=5) |

| | | |
|---|---|---|
| | 3) ਕਵੀ ਪੰਜਾਬੀ ਨੂੰ ਸਾਰਿਆਂ ਭਾਸ਼ਾਵਾਂ ਵਿੱਚੋਂ ਸਭ ਤੋਂ ਵੱਡਾ ਅਤੇ ਮਹਾਨ/ ਪੂਰੇ ਦੇਸ਼ ਅੰਦਰ ਮਾਣ ਦੇਣ ਦੀ ਇੱਛਾ ਰੱਖਦਾ ਹੈ।<br>4) ਵਾਰਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਪੰਜਾਬੀ ਭਾਸ਼ਾ ਦੇ ਪ੍ਰਸਿੱਧ ਸੂਫੀ ਕਵੀ ਹਨ।<br>5) ਕਵੀ ਪੰਜਾਬੀ ਭਾਸ਼ਾ ਨੂੰ ਪੂਰੇ ਦੇਸ਼  ਅੰਦਰ ਮਾਣ ਦੇਣ ਦੀ ਇੱਛਾ ਰੱਖਦਾ ਹੈ। | |

ੳ. ਐਮ. ਡੀ. ਏ. ਵੀ. ਪਬਲਿਕ ਸਕੂਲ , ਕੈਥਲ
ਉੱਤਰ ਕੁੰਜੀ ( ਜੁਲਾਈ ,2024)
ਜਮਾਤ : ਅੱਠਵੀਂ
ਵਿਸ਼ਾ : ਪੰਜਾਬੀ **Set B**

| ਉੱਤਰ ਨੰਬਰ | ਉੱਤਰ | ਅੰਕ |
|---|---|---|
| | ( ਭਾਗ-ੳ ਪੜ੍ਹਣ ਕੋਸ਼ਲ ) | |
| **ਉੱਤਰ: 1** | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-<br>1) ਗੁਰੂ ਗੋਬਿੰਦ ਸਿੰਘ ਜੀ ਮਨੁੱਖਤਾ ਦੇ ਆਸ਼ਕ ਸਨ।<br>2) ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਜ਼ੁਲਮ ਦੇ ਵਿਰੁੱਧ ਸੀ।<br>3) ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ 52 ਕਵੀ ਸਨ।<br>4) ਚੰਡੀ ਦੀ ਵਾਰ, ਜਾਪ ਸਾਹਿਬ, ਜ਼ਫਰਨਾਮਾ ਆਪ ਦੀ ਪ੍ਰਮੁੱਖ ਰਚਨਾਵਾਂ ਹਨ।<br>5) ਮਹਾਨ ਗੁਰੂ ਗੋਬਿੰਦ ਸਿੰਘ ਜੀ /ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ | **(5)** |
| | ( ਭਾਗ -ਅ ਵਿਆਕਰਨ) | |
| **ਉੱਤਰ : 2** | ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-(ਸ) ਜਿੰਦ | **1** |
| **ਉੱਤਰ: 3** | ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :- (ੳ) ਗਰੀਬ (ਅ) ਅਸਫ਼ਲ | **2** |
| **ਉੱਤਰ: 4** | ਹੇਠਾਂ ਦਿੱਤੇ 'ਸਹਿ ' ਅਗੇਤਰ ਤੋਂ **2-2** ਸ਼ਬਦ ਬਣਾਓ:- ਸਹਿਪਾਠੀ ,ਸਹਿਮਤ, ਸਹਿਗਾਣ | **1** |
| **ਉੱਤਰ : 5** | ਹੇਠਾਂ ਦਿੱਤੇ ' ਆਨੀ ' ਪਿਛੇਤਰ ਤੋਂ **2-2** ਸ਼ਬਦ ਬਣਾਓ :- ਜਿਸਮਾਨੀ, ਰੂਹਾਨੀ, ਨੂਰਾਨੀ | **1** |
| **ਉੱਤਰ : 6** | ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ :- (ੳ) ਖੁੱਲ੍ਹਾ ਪਾਠ । ਅ) ਹਰਮਨ ਪਿਆਰਾ। | **2** |
| **ਉੱਤਰ : 7** | 'ਸੰਗ ' ਸ਼ਬਦ ਦਾ ਸਹੀ ਬਹੁਅਰਥਕ ਸ਼ਬਦ ਚੁਣੋ:- ੲ)ਸ਼ਰਮ | **1** |
| **ਉੱਤਰ : 8** | ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :<br>(ੳ) ਰਾਮ ਨੇ ਦੁੱਧ ,ਦਹੀ ,ਤੇਲ ,ਘੀ ਅਤੇ ਆਟਾ ਦੁਕਾਨ ਤੋਂ ਖਰੀਦੇ। | **(1/2×4=2 )** |
| **ਉੱਤਰ: 9** | ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ:-<br>(ੳ) ਉਂਗਲ ਕਰਨੀ( ਦੋਸ਼ ਲਾਉਣਾ) ਰਾਮ ਨੇ ਆਪ ਚੋਰੀ ਕਰਕੇ ਅਧਿਆਪਕ ਤੇ ਪੁੱਛਣ ਤੇ ਸ਼ਾਮ ਵੱਲ ਉਂਗਲ ਕਰ ਦਿੱਤੀ। | **1** |
| **ਉੱਤਰ : 10** | (ਬਹੁ ਵਿਕਲਪੀ ਪ੍ਰਸ਼ਨ) ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰੇ ਕਰੋ :-<br>ਆਪ ਕੁਚੱਜੀ______________ ਸ) ਵਿਹੜੇ ਨੂੰ ਦੋਸ਼ | **1** |
| | ( ਭਾਗ - ੲ ਪਾਠ ਪੁਸਤਕ ) | |
| **ਉੱਤਰ: 11** | ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਵਿਕਲਪਾਂ ਵਿੱਚੋ ਸਹੀ ਉੱਤਰ ਚੁਣੋ:-<br>1. (ਸ) ਮਿੱਟੀ ਵਿੱਚੋਂ<br>2. (ਅ) ਅੰਤਿਮ ਸਮੇਂ ਦੀ<br>3. (ੲ) ਸੁਰਜੀਤ ਸਿੰਘ ਮਰਜਾਰਾ<br>4. (ਸ) ਪੰਜ ਤੱਤਾਂ ਨਾਲ | **(1×4=4)** |
| **ਉੱਤਰ: 12** | ਹੇਠਾਂ ਦਿੱਤੇ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਤਿੰਨ- ਚਾਰ ਸਤਰਾਂ ਵਿੱਚ ਲਿਖੋ :<br>ਨੋਟ:- ਬੱਚੇ ਆਪਣੀ ਸਮਝ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਦੇਣਗੇ। | **(2×2 =4)** |
| **ਉੱਤਰ:- 13** | ਹੇਠਾਂ ਦਿੱਤੇ ਕਾਵਿ ਟੋਟੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:-<br>1) ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ ਕਵਿਤਾ ਵਿੱਚੋਂ ਲਈਆਂ ਗਈਆਂ ਹਨ।<br>2) ਇਸ ਕਵਿਤਾ ਦੇ ਕਵੀ ਦਾ ਨਾਂ ਫੀਰੋਜ਼ਦੀਨ ਸ਼ਰਫ ਹੈ।<br>3) ਕਵੀ ਦੀ ਮਾਂ ਬੋਲੀ ਪੰਜਾਬੀ ਹੈ।<br>4) ਕਵੀ ਨੇ ਆਪਣੀ ਬੋਲੀ ਦੀ ਤੁਲਨਾ ਔਰਤ ਦੀ ਨੱਥ ਤੇ ਵੰਗ ਨਾਲ ਕੀਤੀ ਹੈ।<br>5) ਸੰਗਦਾ ਸ਼ਬਦ ਦਾ ਕੀ ਅਰਥ ਸ਼ਰਮਾਉਂਦਾ ਹੈ। | **(1×5=5)** |